## ਇਨਫੈਕਸ਼ਨ ਦੀ ਰੋਕਥਾਮ Preventing infection

ਕੀਟਾਣੂਆਂ ਦੇ ਫੈਲਣ ਨੂੰ ਸੀਮਤ ਕਰਨ ਵਿੱਚ ਮਦਦ ਕਰਨ ਲਈ, ਹਮੇਸ਼ਾ ਯੂਨਿਟ ਦੇ ਅੰਦਰ ਜਾਣ ਤੋਂ ਪਹਿਲਾਂ ਅਤੇ ਬਾਹਰ ਆਉਣ ਤੋਂ ਪਹਿਲਾਂ ਦੁਬਾਰਾ ਆਪਣੇ ਹੱਥਾਂ ਨੂੰ ਸਾਫ਼ ਕਰੋ। ਹੱਥ ਧੋਣ ਲਈ ਤੁਸੀਂ ਯੂਨਿਟ ਦੇ ਅੰਦਰ ਲੱਗੇ ਸਿੰਕ ਦੀ ਵਰਤੋਂ ਕਰ ਸਕਦੇ ਹੋ।

ਯੂਨਿਟ ਵਿੱਚ ਹੁੰਦੇ ਹੋਏ ਆਪਣੇ ਹੱਥਾਂ ਨੂੰ ਵਾਰ-ਵਾਰ ਧੋ ਕੇ ਜਾਂ ਯੂਨਿਟ ਵਿੱਚ ਥਾਂ-ਥਾਂ 'ਤੇ ਰੱਖੇ ਅਲਕੋਹਲ-ਅਧਾਰਿਤ ਹੈਂਡ ਰਬ ਦੀ ਵਰਤੋਂ ਕਰਕੇ ਸਾਫ਼ ਕਰੋ।

ਨਰਸ ਵੱਲੋਂ ਤੁਹਾਨੂੰ ਦੱਸਿਆ ਜਾਵੇਗਾ ਕਿ ਕੀ ਵਾਧੂ ਸਾਵਧਾਨੀਆਂ ਦੀ ਲੋੜ ਹੈ, ਜਿਵੇਂ ਕਿ ਮਾਸਕ, ਦਸਤਾਨੇ, ਅਤੇ ਵਿਸ਼ੇਸ਼ ਗਾਊਨ।

**ਜੇ ਤੁਸੀਂ ਬਿਮਾਰ ਹੋ ਤਾਂ ਕਿਰਪਾ ਕਰਕੇ ਨਾ ਆਓ।**
**Please do not visit if you are sick.**

## ਆਮ ਨੀਤੀਆਂ General policies

**ਸੁਗੰਧ ਰਹਿਤ:** ਅਸੀਂ ਸੁਗੰਧ ਰਹਿਤ ਅਤੇ ਖੁਸ਼ਬੂ ਰਹਿਤ ਸਥਾਨ ਹਾਂ। ਕਿਰਪਾ ਕਰਕੇ ਸੁਗੰਧਤ ਉਤਪਾਦਾਂ ਦੀ ਵਰਤੋਂ ਨਾ ਕਰੋ। ਕੁਝ ਮਰੀਜ਼ਾਂ ਅਤੇ ਸਟਾਫ਼ ਨੂੰ ਖੁਸ਼ਬੂਆਂ ਤੋਂ ਐਲਰਜੀ ਹੋ ਸਕਦੀ ਹੈ।

**ਫੁੱਲ:** ਸੁਗੰਧ ਰਹਿਤ ਨੀਤੀ ਕਾਰਣ ਅਸੀਂ ਯੂਨਿਟ ਵਿੱਚ ਫੁੱਲ ਲਿਆਉਣ ਦੀ ਆਗਿਆ ਨਹੀਂ ਦਿੰਦੇ।

**ਭੋਜਨ ਅਤੇ ਪੀਣ ਵਾਲੇ ਪਦਾਰਥ:** ਸਾਡੇ ਕਈ ਮਰੀਜ਼ ਕੁਝ ਵੀ ਖਾ-ਪੀ ਨਹੀਂ ਸਕਦੇ। ਕਿਰਪਾ ਕਰਕੇ ਧਿਆਨ ਰੱਖੋ ਕਿ ਤੁਹਾਨੂੰ ਖਾਂਦੇ ਜਾਂ ਪੀਂਦੇ ਦੇਖਣਾ ਮਰੀਜ਼ ਲਈ ਦੁਖਦਾਈ ਹੋ ਸਕਦਾ ਹੈ।

ਜੇ ਮਰੀਜ਼ ਤੁਹਾਨੂੰ ਭੋਜਨ ਲਿਆਉਣ ਲਈ ਕਹਿੰਦਾ ਹੈ, ਤਾਂ ਕਿਰਪਾ ਕਰਕੇ ਪਹਿਲਾਂ ਉਨ੍ਹਾਂ ਦੀ ਨਰਸ ਨਾਲ ਗੱਲ ਕਰ ਕੇ ਯਕੀਨੀ ਬਣਾਓ ਕਿ ਕੀ ਅਜਿਹਾ ਕਰਨਾ ਠੀਕ ਹੈ।

**ਸੈੱਲ ਫੋਨ:** ਰੌਲ਼ੇ ਨੂੰ ਘੱਟ ਰੱਖਣ ਲਈ, ਕਿਰਪਾ ਕਰਕੇ ਆਪਣੇ ਫ਼ੋਨ ਨੂੰ ਵਾਈਬ੍ਰੇਟ 'ਤੇ ਰੱਖੋ ਜਾਂ ਯੂਨਿਟ ਅੰਦਰ ਪ੍ਰਵੇਸ਼ ਕਰਨ ਤੋਂ ਪਹਿਲਾਂ ਫੋਨ ਨੂੰ ਬੰਦ ਕਰ ਲਓ। ਕਿਰਪਾ ਕਰਕੇ ਕਾਲ ਯੂਨਿਟ ਤੋਂ ਬਾਹਰ ਜਾਕੇ ਹੀ ਕਰੋ।

**ਇਲੈਕਟ੍ਰੌਨਿਕ ਡਿਵਾਈਸ:** ਤੁਸੀਂ ਉਹ ਡਿਵਾਈਸ ਲੈ ਕੇ ਆ ਸਕਦੇ ਹੋ ਜਿਸ ਵਿੱਚ ਗਾਣੇ ਜਾਂ ਕੋਈ ਹੋਰ ਰਿਕਾਰਡਿੰਗਾਂ ਸੁਨਣ ਲਈ ਹੈੱਡਫੋਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਮਰੀਜ਼ ਕੋਲ ਰੱਖੇ ਕਿਸੇ ਵੀ ਡਿਵਾਈਸ ਜਾਂ ਹੋਰ ਕੀਮਤੀ ਸਮਾਨ ਲਈ ਅਸੀਂ ਜ਼ਿੰਮੇਵਾਰ ਨਹੀਂ ਹਾਂ। ਤੁਸੀਂ ਜਿਹੜਾ ਵੀ ਡਿਵਾਈਸ ਛੱਡ ਕੇ ਜਾਂਦੇ ਹੋ ਉਸ ਨੂੰ ਲੇਬਲ ਕਰੋ।

**ਫੋਟੋਆਂ:** ਨਰਸ ਜਾਂ ਸੋਸ਼ਲ ਵਰਕਰ ਤੋਂ ਪਹਿਲਾਂ ਪੁੱਛੇ ਬਿਨਾਂ ਅਸੀਂ ਮਰੀਜ਼ਾਂ, ਸਟਾਫ਼ ਜਾਂ ਮਰੀਜ਼ ਨਾਲ ਜੁੜੇ ਸਾਜ਼-ਸਾਮਾਨ ਦੀਆਂ ਫੋਟੋਆਂ, ਵੀਡੀਓ ਜਾਂ ਆਡੀਓ ਰਿਕਾਰਡਿੰਗ ਦੀ ਇਜਾਜ਼ਤ ਨਹੀਂ ਦਿੰਦੇ ਹਾਂ।

## ਮਰੀਜ਼ ਦਾ ਸਮਾਨ Patient belongings

ਅਸੀਂ ਤੁਹਾਨੂੰ ਕੁਝ ਚੀਜ਼ਾਂ, ਜਿਵੇਂ ਕਿ ਉੱਚਾ ਸੁਣਨ ਵਾਲਿਆਂ ਲਈ ਕੰਨਾਂ ਦੀ ਮਸ਼ੀਨ (ਹਿਅਰਿੰਗ ਏਡ) ਅਤੇ ਬੈਟਰੀਆਂ, ਐਨਕਾਂ ਅਤੇ ਨਕਲੀ ਦੰਦ ਲਿਆਉਣ ਲਈ ਕਹਿ ਸਕਦੇ ਹਾਂ। ਥਾਂ ਸੀਮਿਤ ਹੋਣ ਕਾਰਣ, ਕਿਰਪਾ ਕਰਕੇ ਬਾਕੀ ਕੀਮਤੀ ਚੀਜ਼ਾਂ ਅਤੇ ਨਿੱਜੀ ਸਮਾਨ ਘਰ ਲੈ ਜਾਓ।

## ਭੋਜਨ ਸੇਵਾਵਾਂ Food services

### ਕੈਫੇਟੇਰੀਆ ਅਤੇ ਟਿਮ ਹੋਰਟਨਜ਼

ਤੀਜੀ ਮੰਜ਼ਿਲ, ਹੈਲਥ ਕੇਅਰ ਸੈਂਟਰ

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 6:30 ਤੋਂ ਸ਼ਾਮ 5:00 ਵਜੇ ਤਕ ਖੁੱਲ੍ਹਾ

ਸ਼ਨੀਵਾਰ ਅਤੇ ਐਤਵਾਰ ਸਵੇਰੇ 9:00 ਤੋਂ ਦੁਪਹਿਰ 1:00 ਵਜੇ ਤਕ ਖੁੱਲ੍ਹਾ

ਸਰਕਾਰੀ ਛੁੱਟੀਆਂ ਵਾਲੇ ਦਿਨਾਂ 'ਤੇ ਬੰਦ

## ਸੁਧਾਰ ਕਰਨ ਵਿੱਚ ਸਾਡੀ ਮਦਦ ਕਰੋ Help us improve




### ਪਹਿਲਾ ਕਦਮ Step 1

ਸਮਾਰਟ ਡਿਵਾਈਸ ਦੀ ਵਰਤੋਂ ਕਰਦੇ ਹੋਏ:

- ਕੈਮਰਾ ਖੋਲ੍ਹੋ ਅਤੇ ਉਸ ਨੂੰ ਕੁਇੱਕ ਰਿਸਪਾਂਸ (QR – ਕਿਊ.ਆਰ.) ਕੋਡ ਦੇ ਸਾਹਮਣੇ ਲੈ ਕੇ ਆਓ, **ਜਾਂ**
- ਕਿਊ.ਆਰ. (QR) ਕੋਡ ਰੀਡਰ ਐਪ ਡਾਊਨਲੋਡ ਕਰੋ ਅਤੇ ਕੋਡ ਨੂੰ ਸਕੈਨ ਕਰੋ, **ਜਾਂ**
- ਆਪਣੇ ਵੈੱਬ ਬਰਾਊਜ਼ਰ ਵਿੱਚ ਇਹ ਵੈੱਬ ਪਤਾ ਦਰਜ ਕਰੋ।
  tinyurl.com/BHIntCare

ਜੇ ਤੁਸੀਂ ਇਹ ਸੁਨੇਹਾ ਦੇਖੋ ਤਾਂ ਸ਼ੁਰੂ ਕਰਨ ਲਈ ਲਿੰਕ 'ਤੇ ਟੈਪ ਕਰੋ




### ਦੂਜਾ ਕਦਮ Step 2

ਸਰਵੇਖਣ ਭਰੋ। ਇਸ ਵਿੱਚ ਲਗਭਗ 5 ਮਿੰਟ ਲੱਗਦੇ ਹਨ। ਕਿਰਪਾ ਕਰਕੇ ਕੋਈ ਵੀ ਨਿੱਜੀ ਜਾਣਕਾਰੀ ਸ਼ਾਮਲ ਨਾ ਕਰੋ।

ਸਾਡੀ ਦੇਖਭਾਲ ਬਾਰੇ ਤੁਹਾਨੂੰ ਜਦੋਂ ਵੀ ਕੋਈ ਜ਼ਰੂਰੀ ਸਵਾਲ ਜਾਂ ਚਿੰਤਾ ਹੋਵੇ, ਤਾਂ ਕਿਰਪਾ ਕਰਕੇ ਦੇਖਭਾਲ ਪ੍ਰਦਾਤਾ, ਮਰੀਜ਼ ਦੇਖਭਾਲ ਕੋਆਰਡੀਨੇਟਰ, ਜਾਂ ਯੂਨਿਟ ਮੈਨੇਜਰ ਨਾਲ ਗੱਲ ਕਰੋ।



ਤੁਹਾਡੇ ਸੁਝਾਅ ਕੀਮਤੀ ਹਨ ਅਤੇ ਮਰੀਜ਼ ਦੇ ਅਨੁਭਵ ਨੂੰ ਬਿਹਤਰ ਬਣਾਉਣ ਵਿੱਚ ਸਾਡੀ ਮਦਦ ਕਰਦੇ ਹਨ। ਅਸੀਂ ਮਰੀਜ਼ ਅਤੇ ਪਰਿਵਾਰ ਵੱਲ ਕੇਂਦਰਿਤ ਦੇਖਭਾਲ ਪ੍ਰਦਾਨ ਕਰਨ ਲਈ ਵਚਨਬੱਧ ਹਾਂ। **ਧੰਨਵਾਦ!**


ਬਰਨਬੀ ਹਸਪਤਾਲ
3935 ਕਿਨਕੇਡ ਸਟ੍ਰੀਟ
ਬਰਨਬੀ, ਬੀ.ਸੀ. V5G 2X6

www.fraserhealth.ca


ਇਹ ਜਾਣਕਾਰੀ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਵੱਲੋਂ ਦਿੱਤੀ ਗਈ ਸਲਾਹ ਦਾ ਬਦਲ ਨਹੀਂ ਹੈ।


Catalogue #267989 (May 2023) Punjabi
For more copies: patienteduc.fraserhealth.ca


Punjabi

# ਇਨਟੈਨਸਿਵ ਕੇਅਰ ਯੂਨਿਟ

## ਮਿਲਣ ਆਉਣ ਵਾਲਿਆਂ ਲਈ ਜਾਣਕਾਰੀ

# Intensive Care Unit

## Visitor Information

Burnaby ਹਸਪਤਾਲ




ਤੀਜੀ ਮੰਜ਼ਿਲ 'ਤੇ ਨਰਸਿੰਗ ਟਾਵਰ ਵਿੱਚ ਸਥਿਤ (ਗ੍ਰੀਨ ਜ਼ੋਨ)

**604-412-6289**
(ਸਿੱਧਾ ਸੰਪਰਕ ਨੰਬਰ)

fraserhealth

## ਸਾਡਾ ਮਕਸਦ Our mission

*ਨੈਤਿਕ, ਪ੍ਰਮਾਣ-ਅਧਾਰਿਤ ਸੇਵਾਵਾਂ ਪ੍ਰਦਾਨ ਕਰ ਕੇ ਗੰਭੀਰ ਰੂਪ ਵਿੱਚ ਬਿਮਾਰ ਮਰੀਜ਼ਾਂ ਦੀ ਦੇਖਭਾਲ ਵਿੱਚ ਉੱਤਮਤਾ, ਅਤੇ ਖੋਜ ਅਤੇ ਸਿੱਖਿਆ ਵਿੱਚ ਸਰਗਰਮ ਭਾਗੀਦਾਰੀ।*

ਸਾਡਾ ਇਨਟੈਨਸਿਵ ਕੇਅਰ ਯੂਨਿਟ ਗੰਭੀਰ ਰੂਪ ਵਿੱਚ ਬਿਮਾਰ ਲੋਕਾਂ ਨੂੰ 24 ਘੰਟੇ ਦੇਖਭਾਲ ਪ੍ਰਦਾਨ ਕਰਦਾ ਹੈ।

ਦੇਖਭਾਲ ਕਰਦੇ ਸਮੇਂ ਸਾਡੇ ਲਈ ਵਿਸ਼ੇਸ਼ ਗਾਊਨ ਅਤੇ ਦਸਤਾਨੇ ਪਹਿਨਣਾ ਆਮ ਗੱਲ ਹੈ। ਸਾਡੇ ਅਜਿਹਾ ਕਰਨ ਦੇ ਵੱਖ-ਵੱਖ ਕਾਰਣ ਹਨ ਅਤੇ ਅਸੀਂ ਤੁਹਾਨੂੰ ਉਨ੍ਹਾਂ ਕਾਰਣਾਂ ਬਾਰੇ ਬੇਝਿਜਕ ਸਮਝਾ ਸਕਦੇ ਹਾਂ।

## ਸਾਡੇ ਨਾਲ ਗੱਲਬਾਤ ਕਰਨੀ Communicating with us

ਦੇਖਭਾਲ ਟੀਮ ਮਰੀਜ਼ ਦੀ ਹਾਲਤ ਬਾਰੇ ਨਜ਼ਦੀਕੀ ਪਰਿਵਾਰ ਨਾਲ ਗੱਲਬਾਤ ਕਰਨ ਲਈ ਤਿਆਰ ਹੈ।

ਗੱਲਬਾਤ ਨੂੰ ਸੁਚਾਰੂ ਬਣਾਉਣ ਵਿੱਚ ਮਦਦ ਕਰਨ ਲਈ, ਅਸੀਂ ਤੁਹਾਨੂੰ ਇੱਕ ਵਿਅਕਤੀ ਨੂੰ "ਮੁੱਖ ਸੰਪਰਕ" ਵਜੋਂ ਚੁਣਨ ਲਈ ਕਹਿੰਦੇ ਹਾਂ। ਅਸੀਂ ਚਾਹੁੰਦੇ ਹਾਂ ਕਿ ਮੁੱਖ ਸੰਪਰਕ ਵਿਅਕਤੀ ਹੀ ਬਾਕੀ ਦੇ ਪਰਿਵਾਰ ਨਾਲ ਕੋਈ ਵੀ ਸੰਬੰਧਤ ਜਾਣਕਾਰੀ ਸਾਂਝੀ ਕਰੇ। ਇੰਝ ਅਸੀਂ ਆਪਣਾ ਜ਼ਿਆਦਾ ਸਮਾਂ ਮਰੀਜ਼ ਦੀ ਦੇਖਭਾਲ ਵੱਲ ਕੇਂਦਰਿਤ ਕਰ ਸਕਦੇ ਹਾਂ।

ਕਿਰਪਾ ਕਰਕੇ ਸਾਨੂੰ ਉਸ ਵਿਅਕਤੀ ਦਾ ਨਾਮ ਅਤੇ ਫ਼ੋਨ ਨੰਬਰ ਦਿਓ ਜੋ ਮੁੱਖ ਸੰਪਰਕ ਹੋਵੇਗਾ।

ਦੁਭਾਸ਼ੀਆ ਸੇਵਾਵਾਂ ਕਈ ਭਾਸ਼ਾਵਾਂ ਵਿੱਚ ਉਪਲਬਧ ਹਨ। ਜੇ ਤੁਸੀਂ ਚਾਹੁੰਦੇ ਹੋ ਕਿ ਅਸੀਂ ਕਿਸੇ ਦੁਭਾਸ਼ੀਏ ਦਾ ਇੰਤਜ਼ਾਮ ਕਰੀਏ ਤਾਂ ਸਾਨੂੰ ਦੱਸੋ ਦਿਓ।

**ਨਜ਼ਦੀਕੀ ਪਰਿਵਾਰ:** ਪਤੀ/ਪਤਨੀ ਜਾਂ ਜੀਵਨ ਸਾਥੀ, ਮਾਤਾ-ਪਿਤਾ, ਭੈਣ-ਭਰਾ, ਬੱਚੇ, ਅਤੇ ਕੋਈ ਹੋਰ ਵਿਅਕਤੀ ਜੋ ਮਰੀਜ਼ ਲਈ ਮਹੱਤਵਪੂਰਣ ਹੈ, ਭਾਵੇਂ ਉਸ ਨਾਲ ਕੋਈ ਰਿਸ਼ਤਾ ਹੋਵੇ ਜਾਂ ਨਾ।

## ਮਿਲਣ ਆਉਣਾ Visiting

ਜਿਹੜੇ ਵਿਅਕਤੀ ਮਰੀਜ਼ ਲਈ ਸਭ ਤੋਂ ਵੱਧ ਮਾਇਨੇ ਰੱਖਦੇ ਹਨ, ਉਹ ਇਲਾਜ ਦੀ ਪ੍ਰਕਿਰਿਆ ਦਾ ਮੁੱਖ ਹਿੱਸਾ ਹਨ। ਅਸੀਂ ਨਜ਼ਦੀਕੀ ਪਰਿਵਾਰ ਅਤੇ ਕਰੀਬੀ ਦੋਸਤਾਂ ਵੱਲੋਂ ਮਿਲਣ ਮਿਲਣ ਆਉਣ ਦਾ ਸਵਾਗਤ ਕਰਦੇ ਹਾਂ। ਮੁਲਾਕਾਤ ਲਈ ਬੱਚਿਆਂ ਨੂੰ ਲਿਆਉਣ ਤੋਂ ਪਹਿਲਾਂ ਨਰਸ ਤੋਂ ਪੁੱਛੋ।

ਮੁਲਾਕਾਤ ਦਾ ਸਮਾਂ ਦਿਨ 24 ਘੰਟੇ, ਹਫ਼ਤੇ ਦੇ ਸੱਤੇ ਦਿਨ ਖੁੱਲ੍ਹਾ ਹੈ। ਕਈ ਵਾਰ ਅਸੀਂ ਤੁਹਾਨੂੰ ਇੰਤਜ਼ਾਰ ਕਰਨ ਲਈ ਕਹਿੰਦੇ ਹਾਂ, ਜਿਵੇਂ ਕਿ ਮਰੀਜ਼ ਦੀ ਦੇਖਭਾਲ, ਸੁਰੱਖਿਆ ਸੰਬੰਧੀ ਕਾਰਣ, ਅਤੇ ਸ਼ਿਫਟ ਤਬਦੀਲ ਹੋਣ ਦਾ ਸਮਾਂ। ਅਸੀਂ ਜਾਣਦੇ ਹਾਂ ਕਿ ਇਸ ਕਾਰਣ ਖਿੱਝ ਚੜ੍ਹ ਸਕਦੀ ਹੈ। ਅਸੀਂ ਤੁਹਾਡੇ ਤੋਂ ਸਬਰ ਦੀ ਮੰਗ ਕਰਦੇ ਹਾਂ। ਮਰੀਜ਼ ਦੀ ਦੇਖਭਾਲ ਅਤੇ ਸੁਰੱਖਿਆ ਨੂੰ ਹਮੇਸ਼ਾ ਪਹਿਲ ਦਿੱਤੀ ਜਾਂਦੀ ਹੈ।

ਜਦੋਂ ਤੁਸੀਂ ਮੁਲਾਕਾਤ ਲਈ ਆਉਂਦੇ ਹੋ ਤਾਂ ਯੂਨਿਟ ਅੰਦਰ ਦਾਖ਼ਲ ਹੋਣ ਲਈ ਕਿਰਪਾ ਕਰਕੇ ਆਈ.ਸੀ.ਯੂ. ਦੇ ਦਰਵਾਜ਼ੇ ਦੇ ਨਾਲ ਕੰਧ ਉੱਤੇ ਲੱਗਿਆ ਜਾਂ ਵਿਜ਼ੀਟਰ ਵੇਟਿੰਗ ਏਰੀਆ ਵਿੱਚ ਲੱਗੇ **ਇੰਟਰਕਾਮ ਦੀ ਹਰ ਵਾਰੀ ਵਰਤੋਂ ਕਰੋ।** ਦਰਵਾਜ਼ਾ ਹਰ ਵੇਲੇ ਬੰਦ ਰਹਿੰਦਾ ਹੈ। ਕਿਰਪਾ ਕਰਕੇ ਸਾਡੇ ਵੱਲੋਂ ਦਰਵਾਜ਼ਾ ਖੋਲ੍ਹੇ ਜਾਣ ਦੀ ਉਡੀਕ ਕਰੋ।

## ਆਪਣੀਆਂ ਮੁਲਾਕਾਤਾਂ ਲਈ ਯੋਜਨਾ ਬਣਾਉਣੀ Planning your visits

ਹਾਲਾਂਕਿ ਕ੍ਰਿਟੀਕਲ ਦੇਖਭਾਲ ਬਾਰੇ ਕਿਆਸਰਾਈ ਨਹੀਂ ਲਗਾਈ ਜਾ ਸਕਦੀ ਪਰ ਫਿਰ ਵੀ ਇਹ ਦਿਸ਼ਾ-ਨਿਰਦੇਸ਼ ਮੁਲਾਕਾਤ ਦੀ ਯੋਜਨਾ ਬਣਾਉਣ ਵਿੱਚ ਤੁਹਾਡੀ ਮਦਦ ਕਰਨਗੇ।

ਕਿਰਪਾ ਕਰਕੇ ਯਾਦ ਰੱਖੋ – ਸਾਡੇ ਹਰ ਮਰੀਜ਼ ਦੀਆਂ ਲੋੜਾਂ ਵੱਖਰੀਆਂ ਹਨ ਅਤੇ ਹਰ ਰੋਜ਼ ਬਦਲ ਸਕਦੀਆਂ ਹਨ।

**ਸ਼ਾਂਤ ਮੌਜੂਦਗੀ:** ਮਰੀਜ਼ ਇੱਥੇ ਇਸ ਲਈ ਹੈ ਕਿਉਂਕਿ ਉਹ ਗੰਭੀਰ ਰੂਪ ਵਿੱਚ ਬਿਮਾਰ ਹੈ ਅਤੇ ਠੀਕ ਹੋਣ ਲਈ ਉਨ੍ਹਾਂ ਨੂੰ ਆਰਾਮ ਦੀ ਲੋੜ ਹੈ। ਤੁਹਾਡੀ ਸ਼ਾਂਤ ਮੌਜੂਦਗੀ ਮਰੀਜ਼ ਨੂੰ ਠੀਕ ਕਰਨ ਵਿੱਚ ਮਦਦ ਕਰ ਸਕਦੀ ਹੈ। ਲਗਾਤਾਰ ਛੂਹਣਾ ਅਤੇ ਗੱਲ ਕਰਨਾ ਉਨ੍ਹਾਂ ਨੂੰ ਲੋੜੀਂਦਾ ਆਰਾਮ ਪ੍ਰਾਪਤ ਕਰਨ ਤੋਂ ਰੋਕ ਸਕਦਾ ਹੈ।

**ਸ਼ਿਫਟ ਵਿੱਚ ਤਬਦੀਲੀ:** ਇਹ 7:30 ਤੋਂ 9:00 ਵਜੇ ਤਕ ਹੈ, ਸਵੇਰੇ ਅਤੇ ਸ਼ਾਮ।

ਮਰੀਜ਼ ਦੀ ਮੌਜੂਦਾ ਨਰਸ ਅਗਲੀ ਨਰਸ ਨੂੰ ਮਰੀਜ਼ ਦੀ ਦੇਖਭਾਲ ਬਾਰੇ ਮਹੱਤਵਪੂਰਣ ਜਾਣਕਾਰੀ ਦੀ ਰਿਪੋਰਟ ਪ੍ਰਦਾਨ ਕਰਦੀ ਹੈ। ਇਹ ਯਕੀਨੀ ਬਣਾਉਣ ਲਈ ਕਿ ਕੁਝ ਵੀ ਖੁੰਝ ਨਾ ਜਾਵੇ, ਨਰਸਾਂ ਵਾਸਤੇ ਮਹੱਤਵਪੂਰਣ ਹੈ ਕਿ ਉਨ੍ਹਾਂ ਦਾ ਧਿਆਨ ਭਟਕਾਉਣ ਵਾਲੀਆਂ ਕੋਈ ਚੀਜ਼ਾਂ ਨਾ ਹੋਣ।

ਰਿਪੋਰਟ ਤੋਂ ਬਾਅਦ, ਅਗਲੀ ਨਰਸ ਮਰੀਜ਼ ਦਾ ਪੂਰੀ ਤਰ੍ਹਾਂ ਮੁਲਾਂਕਣ ਕਰਦੀ ਹੈ। ਨਰਸ ਇੰਝ ਰਿਪੋਰਟ ਦੀ ਜਾਣਕਾਰੀ ਦੀ ਤੁਲਨਾ ਆਪਣੀਆਂ ਲੱਭਤਾਂ ਨਾਲ ਕਰ ਸਕਦੀ ਹੈ। ਨਰਸ ਇਹ ਪੁਸ਼ਟੀ ਕਰਨ ਲਈ ਸੁਰੱਖਿਆ ਜਾਂਚ ਵੀ ਕਰਦੀ ਹੈ ਕਿ ਸਾਰੇ ਸਾਜ਼ੋ-ਸਾਮਾਨ, ਮਾਨੀਟਰ, ਨਾੜੀ ਦੀਆਂ ਲਾਈਨਾਂ, ਅਤੇ ਦਵਾਈਆਂ ਸਹੀ ਹਨ ਅਤੇ ਠੀਕ ਤਰ੍ਹਾਂ ਕੰਮ ਕਰ ਰਹੀਆਂ ਹਨ।

ਇਸ ਸਮੇਂ ਦੌਰਾਨ ਤੁਹਾਨੂੰ ਬਾਹਰ ਉਡੀਕ ਕਰਨ ਲਈ ਕਿਹਾ ਜਾ ਸਕਦਾ ਹੈ।

**ਮੁਲਾਕਾਤ ਵਿੱਚ ਬਦਲਾਅ:** ਹਰੇਕ ਮਰੀਜ਼ ਦੀਆਂ ਸਿਹਤ ਲੋੜਾਂ ਵੱਖ-ਵੱਖ ਹੁੰਦੀਆਂ ਹਨ। ਜਿਵੇਂ ਹੀ ਮਰੀਜ਼ ਦੀ ਹਾਲਤ ਬਦਲਦੀ ਹੈ, ਉਵੇਂ ਹੀ ਮਰੀਜ਼ ਨਾਲ ਮੁਲਾਕਾਤ ਕਰਨ ਦੀ ਸਥਿਤੀ ਵੀ ਬਦਲਦੀ ਹੈ। ਕੁਝ ਮਾਮਲਿਆਂ ਵਿੱਚ ਅਸੀਂ ਇੱਕ ਸਮੇਂ 'ਤੇ ਆਉਣ ਵਾਲੇ ਮੁਲਾਕਾਤੀਆਂ ਦੀ ਗਿਣਤੀ ਸੀਮਿਤ ਕਰ ਸਕਦੇ ਹਾਂ। ਦੂਜੇ ਮਾਮਲਿਆਂ ਵਿੱਚ, ਅਸੀਂ ਜ਼ਿਆਦਾ ਮੁਲਾਕਾਤੀਆਂ ਨੂੰ ਆਉਣ ਵਾਸਤੇ ਉਤਸ਼ਾਹਿਤ ਕਰ ਸਕਦੇ ਹਾਂ। ਅਸੀਂ ਦੇਖਭਾਲ ਦੀਆਂ ਸਥਿਤੀਆਂ ਮੁਤਾਬਕ ਤੁਹਾਡੀਆਂ ਮੁਲਾਕਾਤਾਂ ਵਾਸਤੇ ਸਹਿਯੋਗ ਕਰਨ ਲਈ ਹਰ ਕੋਸ਼ਿਸ਼ ਕਰਦੇ ਹਾਂ।

**ਫ਼ੋਨ ਕਾਲਾਂ:** ਹੋ ਸਕਦਾ ਹੈ ਕਿ ਤੁਸੀਂ ਕਈ ਕਾਰਣਾਂ ਕਰਕੇ ਹਸਪਤਾਲ ਵਿਚ ਮਰੀਜ ਨੂੰ ਮਿਲਣ ਲਈ ਨਾ ਆ ਸਕੋ। ਅਸੀਂ ਮਰੀਜ਼ ਦੇ ਮੁੱਖ ਸੰਪਰਕ ਤੋਂ ਫ਼ੋਨ ਕਾਲਾਂ ਦਾ ਸੁਆਗਤ ਕਰਦੇ ਹਾਂ। ਅਸੀਂ ਬੇਨਤੀ ਕਰਦੇ ਹਾਂ ਕਿ ਬਾਕੀ ਜਣੇ ਅੱਪਡੇਟ ਅਤੇ ਜਾਣਕਾਰੀ ਲਈ ਮੁੱਖ ਸੰਪਰਕ ਵਾਲੇ ਵਿਅਕਤੀ ਨਾਲ ਹੀ ਗੱਲ ਕਰਨ।

## ਮੈਡੀਕਲ ਅੱਪਡੇਟ ਪ੍ਰਾਪਤ ਕਰਨਾ Getting medical updates

ਬਹੁਤ ਸਾਰੇ ਲੋਕ ਡਾਕਟਰ ਤੋਂ ਅੱਪਡੇਟ ਦੀ ਉਮੀਦ ਕਰਦੇ ਹਨ। ਕ੍ਰਿਟੀਕਲ ਕੇਅਰ ਵਿੱਚ, ਮਰੀਜ਼ ਦੀ ਨਰਸ ਵੱਲੋਂ ਹੀ ਮੁੱਖ ਸੰਪਰਕ ਨੂੰ ਰੋਜ਼ਾਨਾ ਮੈਡੀਕਲ ਅੱਪਡੇਟ ਪ੍ਰਦਾਨ ਕੀਤੀ ਜਾਂਦੀ ਹੈ। ਲੋੜ ਪੈਣ 'ਤੇ ਨਰਸ ਜਾਂ ਸੋਸ਼ਲ ਵਰਕਰ ਡਾਕਟਰ ਨਾਲ ਰਸਮੀ ਯੋਜਨਾਬੱਧ ਪਰਿਵਾਰਕ ਮੀਟਿੰਗਾਂ ਦਾ ਇੰਤਜ਼ਾਮ ਕਰ ਸਕਦੇ ਹਨ।

## ਆਪਣਾ ਧਿਆਨ ਰੱਖਣਾ Taking care of yourself

ਇਸ ਸਮੇਂ ਦੌਰਾਨ, ਤੁਸੀਂ ਬਹੁਤ ਕੁਝ ਮਹਿਸੂਸ ਕਰ ਸਕਦੇ ਹੋ, ਉਨ੍ਹਾਂ ਵਿੱਚੋਂ ਕੁਝ ਹਨ – ਸਦਮਾ, ਚਿੰਤਾ, ਉਦਾਸੀ, ਗੁੱਸਾ, ਬੇਚੈਨੀ, ਧਿਆਨ ਕੇਂਦਰਿਤ ਕਰਨ ਵਿੱਚ ਮੁਸ਼ਕਲ। ਇਸ ਸਭ ਦੀ ਉਮੀਦ ਕੀਤੀ ਜਾ ਸਕਦੀ ਹੈ ਅਤੇ ਅਜਿਹਾ ਮਹਿਸੂਸ ਹੋਣਾ 'ਆਮ' ਹੈ।

ਇਸ ਔਖੇ ਸਮੇਂ ਦੌਰਾਨ ਜ਼ਰੂਰੀ ਕਾਰਜਾਂ ਵਿੱਚੋਂ ਇੱਕ ਹੈ ਆਪਣੇ ਆਪ ਦਾ ਧਿਆਨ ਰੱਖਣਾ। ਤੁਹਾਡੀ ਸਿਹਤ ਅਤੇ ਤੰਦਰੁਸਤੀ ਮਰੀਜ਼ ਅਤੇ ਸਾਡੇ ਲਈ ਮਹੱਤਵਪੂਰਣ ਹੈ।

ਆਪਣੇ ਆਪ ਦੀ ਦੇਖਭਾਲ ਕਰਨ ਦੇ ਤਰੀਕੇ:

- ਨਿਯਮਿਤ ਤੌਰ 'ਤੇ ਖਾਓ।
- ਸੌਣ ਲਈ ਸਮਾਂ ਕੱਢੋ।
- ਸੈਰ ਕਰੋ ਜਾਂ ਸਟ੍ਰੈਚਿੰਗ ਕਰੋ।
- ਮਦਦ ਮੰਗਣ ਵਿੱਚ ਸੰਕੋਚ ਨਾ ਕਰੋ।

ਜੇ ਤੁਹਾਨੂੰ ਸਹਾਰੇ ਦੀ ਲੋੜ ਹੈ, ਰਹਿਣ ਲਈ ਥਾਂ, ਜਾਂ ਮਰੀਜ਼ ਨਾਲ ਸਬੰਧਤ ਵਿੱਤੀ ਜਾਂ ਕਾਨੂੰਨੀ ਮਾਮਲਿਆਂ ਵਿੱਚ ਮਦਦ ਦੀ ਲੋੜ ਹੈ ਤਾਂ ਸਾਡੇ ਸੋਸ਼ਲ ਵਰਕਰ ਹਰ ਰੋਜ਼, ਸਵੇਰੇ 8:00 ਵਜੇ ਤੋਂ ਸ਼ਾਮ 4:00 ਵਜੇ ਤਕ ਉਪਲਬਧ ਹੁੰਦੇ ਹਨ।

ਰੂਹਾਨੀ ਸਹਾਰੇ ਦੇ ਪ੍ਰਬੰਧਨ ਲਈ ਕਿਰਪਾ ਕਰਕੇ ਨਰਸ ਨਾਲ ਗੱਲ ਕਰੋ।



ਖ਼ਤਮ...